ਪੰਜਾਬ ਸਰਕਾਰ
ਮਾਲ ਤੇ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਸਾਖਾ
(ਡੀ.ਐਮ.1 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਡਿਪਟੀ ਕਮਿਸਨਰ।

ਮੀਮੋ ਨੰ:11/27/12-5ਡੀ.ਐਮ.1/ 10995 - 11016
ਚੰਡੀਗੜ੍ਹ, ਮਿਤੀ:- 16/7/12

ਵਿਸ਼ਾ:- ਸਾਲ 2012 ਦੌਰਾਨ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਜਾਰੀ ਕੀਤੇ ਫੰਡਜ ਸਬੰਧੀ।

ਹਵਾਲਾ:- ਸਰਕਾਰ ਦੇ ਪੱਤਰ ਨੰ: 11/27/12-5ਡੀ.ਐਮ.1/8895-8916 ਮਿਤੀ 14.6.12.

ਹਵਾਲੇ ਸਬੰਧੀ ਪੱਤਰ ਰਾਹੀਂ ਆਪ ਨੂੰ ਸਾਲ 2012 ਦੌਰਾਨ ਹੜ੍ਹਾਂ ਦੀ ਆਪਾਤ ਸਥਿਤੀ ਵਿੱਚ ਐਂਡਵਾਂਸ ਫੰਡਜ ਜਾਰੀ ਕੀਤੇ ਗਏ ਹਨ। ਜਾਰੀ ਕੀਤੇ ਐਂਡਵਾਂਸ ਫੰਡਜ ਹੜ੍ਹਾਂ ਦੀ ਆਪਾਤ ਸਥਿਤੀ ਵਿੱਚ ਭਾਰਤ ਸਰਕਾਰ ਦੀਆਂ ਸੋਧੀਆਂ ਨਵੀਆਂ ਦਰਾਂ ਜੋ ਪੱਤਰ ਨੰ: 2/6/12-5 ਡੀ.ਐਮ.1/2325-46 ਮਿਤੀ 6.2.12 ਰਾਹੀਂ ਸਮੂਹ ਡਿਪਟੀ ਕਮਿਸਨਰਜ ਨੂੰ ਭੇਜੀਆ ਗਈਆਂ ਸਨ, ਦੇ ਅਨੇਕਸਰ ਵਿੱਚ ਲੜੀਂ ਨੰ: 1ਤੋਂ 11 ਕੈਟੇਗਰੀਆਂ ਦੇ ਲਈ ਵਰਤੇ ਜਾ ਸਕਦੇ ਹਨ। ਭਾਰਤ ਸਰਕਾਰ ਵੱਲੋਂ ਜਾਰੀ ਕੀਤੀਆਂ ਨਵੀਂਆਂ ਗਾਈਡਲਾਈਨਜ ਸਾਈਟ www.ndmindia.nic.in ਤੇ ਦੇਖੀਆਂ/ਅੱਪਲੋਡ ਕੀਤੀਆਂ ਜਾ ਸਕਦੀਆਂ ਹਨ।

ਇਸ ਤੋਂ ਇਲਾਵਾ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਜੋ ਕੇਸ ਭਾਰਤ ਸਰਕਾਰ ਦੀਆਂ ਐਸ.ਡੀ.ਆਰ.ਐਫ (ਪਹਿਲੇ ਸੀ.ਆਰ.ਐਫ) ਦੀਆਂ ਗਾਈਡ ਲਾਈਨਜ ਵਿੱਚ ਕਵਰ ਨਹੀ ਹੁੰਦੇ ਉਹ ਇਸ ਦਫਤਰ ਨੂੰ ਨਾ ਭੇਜੇ ਜਾਣ। ਕਿਉਂਕਿ ਇਸ ਨਾਲ ਕੇਸ ਨੂੰ ਡੀਲ ਕਰਨ/ਲਿਖਾ-ਪੜ੍ਹੀ ਕਰਨ ਵਿੱਚ ਕਾਫੀ ਸਮਾਂ ਖਰਾਬ ਹੋ ਜਾਂਦਾ ਹੈ। ਇਸ ਤੋਂ ਇਲਾਵਾ ਪੱਤਰ ਨੰ: 2/6/12-5 ਡੀ.ਐਮ.1/5174-95 ਮਿਤੀ 9.4.12 ਰਾਹੀਂ ਮੁੱਖ ਮੰਤਰੀ ਪੰਜਾਬ ਰਾਹਤ ਫੰਡ ਅਧੀਨ ਮੁੱਖ ਮੰਤਰੀ ਦਫਤਰ ਵੱਲੋਂ ਮਿਤੀ 1.3.12 ਰਾਹੀਂ ਗਾਈਡ ਲਾਈਨਜ ਜਾਰੀ ਕੀਤੀਆਂ ਗਈਆਂ ਸਨ, ਦੀ ਕਾਪੀ ਭੇਜੀ ਗਈ ਸੀ। ਇਨਾਂ ਗਾਈਡ ਲਾਈਨਜ ਦੇ ਸੀ.ਨੰ: 6 (i to xi) ਅਤੇ 7 (i to vi) ਅਨੁਸਾਰ ਜੋ ਕੇਸ ਰਾਹਤ ਦੇਣ ਲਈ ਕਵਰ ਹੁੰਦੇ ਹਨ ਉਹ ਸਿੱਧੇ ਮੁੱਖ ਮੰਤਰੀ ਦਫਤਰ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋ ਰਾਹਤ ਦੇਣ ਲਈ ਭੇਜੇ ਜਾਣ।

ਇੰਦਰਜੀਤ ਕੌਰ
ਸੁਪਰਡੰਟ ਗ੍ਰੇਡ-1
16/7/12

F/Flood-2012